CITY OF VANCOUVER | VANCOUVER VOTES

## ਕੈਪੀਟਲ ਪਲਾਨ (ਪੂੰਜੀ ਯੋਜਨਾ) ਲਈ ਕਰਜ਼ਾ ਲੈਣ ਬਾਰੇ ਸਵਾਲ

ਵੋਟਰ ਤਿੰਨ ਸਵਾਲਾਂ ਲਈ ਵੋਟ ਪਾਉਣਗੇ ਜਿਨ੍ਹਾਂ ਵਿੱਚ ਪੁੱਛਿਆ ਜਾਏਗਾ ਕਿ ਕੀ ਸਿਟੀ ਨੂੰ 2027-2030 ਕੈਪੀਟਲ ਪਲਾਨ ਵਿੱਚ ਦਰਸਾਏ ਗਏ ਕੁਝ ਮੁੱਖ ਪ੍ਰੋਜੈਕਟਾਂ ਲਈ ਕਰਜ਼ਾ ਲੈਣਾ ਚਾਹੀਦਾ ਹੈ।

ਕੈਪੀਟਲ ਪਲਾਨ ਇੱਕ ਚਾਰ-ਸਾਲਾ ਨਿਵੇਸ਼ ਯੋਜਨਾ ਹੈ ਜੋ ਲੋਕਾਂ ਦੁਆਰਾ ਹਰ ਰੋਜ਼ ਵਰਤੇ ਜਾਂਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੀ ਸਾਂਭ-ਸੰਭਾਲ, ਨਵੀਨੀਕਰਨ ਅਤੇ ਉਹਨਾਂ ਨੂੰ ਅੱਪਗ੍ਰੇਡ ਕਰਨ ਵਿੱਚ ਮਦਦ ਕਰਦੀ ਹੈ। 2027-2030 ਕੈਪੀਟਲ ਪਲਾਨ ਪੂੰਜੀ ਨਿਵੇਸ਼ਾਂ ਵਿੱਚ $3.5 ਬਿਲੀਅਨ ਦਾ ਪ੍ਰਸਤਾਵ ਦਿੰਦਾ ਹੈ। ਫੰਡਿੰਗ ਦਾ ਇੱਕ ਹਿੱਸਾ—$3.5 ਬਿਲੀਅਨ ਵਿੱਚੋਂ $790 ਮਿਲੀਅਨ—ਅਜਿਹੇ ਕਰਜ਼ੇ ਰਾਹੀਂ ਪ੍ਰਾਪਤ ਕਰਨ ਦਾ ਪ੍ਰਸਤਾਵ ਹੈ, ਜਿਸ ਲਈ ਵੋਟਰਾਂ ਦੀ ਮਨਜ਼ੂਰੀ ਲੋੜੀਂਦੀ ਹੈ।

ਬੈਲਟ ਵਿੱਚ ਤਿੰਨ "ਹਾਂ" ਜਾਂ "ਨਹੀਂ" ਵਾਲੇ ਸਵਾਲ ਹੋਣਗੇ ਕਿ ਕੀ ਸਿਟੀ ਨੂੰ ਕੈਪੀਟਲ ਪਲਾਨ ਵਿਚਲੇ ਪ੍ਰੋਜੈਕਟਾਂ ਲਈ ਖਰਚਾ ਪੂਰਾ ਕਰਨ ਵਿੱਚ ਮਦਦ ਵਾਸਤੇ $790 ਮਿਲੀਅਨ ਕਰਜ਼ਾ ਲੈਣਾ ਚਾਹੀਦਾ ਹੈ। ਜੇ ਬਹੁਗਿਣਤੀ ਵੋਟਰ ਹਾਂ ਵਿੱਚ ਵੋਟ ਪਾਉਂਦੇ ਹਨ, ਤਾਂ ਸਿਟੀ ਕੌਂਸਲ ਇਹਨਾਂ ਪ੍ਰੋਜੈਕਟਾਂ ਲਈ ਡਾਲਰ ਕਰਜ਼ਾ ਲੈ ਸਕਦੀ ਹੈ।

ਉੱਪਰ ਬੈਲਟ 'ਤੇ ਕੈਪੀਟਲ ਪਲਾਨ ਲਈ ਕਰਜ਼ਾ ਲੈਣ ਬਾਰੇ ਸਵਾਲਾਂ ਦਾ ਸਾਰ ਹੈ ਅਤੇ ਇਹ ਸਿਰਫ਼ ਜਾਣਕਾਰੀ ਅਤੇ ਸਹੂਲਤ ਲਈ ਦਿੱਤਾ ਗਿਆ ਹੈ। ਇਹ ਸਵਾਲਾਂ ਦਾ ਸਿੱਧਾ ਅਨੁਵਾਦ ਨਹੀਂ ਹੈ, ਅਤੇ ਵੋਟ-ਪਰਚੀ 'ਤੇ ਛਪੇ ਅਧਿਕਾਰਤ ਸਵਾਲ ਹੀ ਪ੍ਰਮਾਣਿਕ ਸੰਸਕਰਣ ਹਨ।

## ਰਾਏਸ਼ੁਮਾਰੀ ਸਵਾਲ

ਕੌਂਸਲ ਦੋ ਰਾਏਸ਼ੁਮਾਰੀ ਸਵਾਲਾਂ 'ਤੇ ਵੋਟਰਾਂ ਦੀ ਰਾਏ ਮੰਗ ਰਹੀ ਹੈ। ਰਾਏਸ਼ੁਮਾਰੀ ਦੇ ਨਤੀਜੇ ਕੌਂਸਲ ਦੀ ਜਾਣਕਾਰੀ ਲਈ ਹਨ ਅਤੇ ਪਾਬੰਦਕਾਰੀ ਨਹੀਂ ਹਨ, ਮਤਲਬ ਕਿ ਕੌਂਸਲ ਲਈ ਇਨ੍ਹਾਂ ਨਤੀਜਿਆਂ ਦੇ ਆਧਾਰ 'ਤੇ ਕਾਰਵਾਈ ਕਰਨਾ ਲਾਜ਼ਮੀ ਨਹੀਂ ਹੈ।

ਬੈਲਟ ਵਿੱਚ ਦੋ "ਹਾਂ" ਜਾਂ "ਨਹੀਂ" ਵਾਲੇ ਸਵਾਲ ਹੋਣਗੇ। ਪਹਿਲਾ ਸਵਾਲ ਇਸ ਬਾਰੇ ਵੋਟਰਾਂ ਦੀ ਰਾਏ ਮੰਗਦਾ ਹੈ ਕਿ ਕੀ ਕੁਝ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਜਨਤਕ ਵਰਤੋਂ ਨੂੰ ਸੀਮਤ ਕਰਨ ਲਈ ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਜਾਣਾ ਚਾਹੀਦਾ ਹੈ। ਦੂਜਾ ਸਵਾਲ ਇਸ ਬਾਰੇ ਵੋਟਰਾਂ ਦੀ ਰਾਏ ਮੰਗਦਾ ਹੈ ਕਿ ਕੀ ਸਿਟੀ ਨੂੰ ਸੂਬਾ ਸਰਕਾਰ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਗੰਭੀਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਮਾਨਸਿਕ ਸਿਹਤ ਵਿਗਾੜਾਂ ਵਾਲੇ ਲੋਕਾਂ ਲਈ ਸੁਰੱਖਿਅਤ ਇਲਾਜ ਅਤੇ ਦੇਖਭਾਲ ਦੀਆਂ ਸਹੂਲਤਾਂ ਦਾ ਵਿਸਤਾਰ ਕੀਤਾ ਜਾਵੇ।

ਉੱਪਰ ਬੈਲਟ 'ਤੇ ਰਾਏਸ਼ੁਮਾਰੀ ਦੇ ਸਵਾਲਾਂ ਦਾ ਸਾਰ ਹੈ ਅਤੇ ਇਹ ਸਿਰਫ਼ ਜਾਣਕਾਰੀ ਅਤੇ ਸਹੂਲਤ ਲਈ ਦਿੱਤਾ ਗਿਆ ਹੈ। ਇਹ ਸਵਾਲਾਂ ਦਾ ਸਿੱਧਾ ਅਨੁਵਾਦ ਨਹੀਂ ਹੈ, ਅਤੇ ਵੋਟ-ਪਰਚੀ 'ਤੇ ਛਪੇ ਅਧਿਕਾਰਤ ਸਵਾਲ ਹੀ ਪ੍ਰਮਾਣਿਕ ਸੰਸਕਰਣ ਹਨ।

©2026 ਵੈਨਕੂਵਰ ਸਿਟੀ | 26-026